# ਟਰਾਂਸਪੋਰਟ ਕਾਰਪੋਰੇਸ਼ਨ ਆਫ ਇੰਡੀਆ ਲਿਮਿਟੇਡ ਤੀਜੀ ਤਿਮਾਹੀ ਅਤੇ 31ਦਸੰਬਰ, 2022 ਨੂੰ ਖਤਮ ਨੌ ਮਹੀਨਿਆਂ ਦੇ ਨਤੀਜਿਆਂ ਦਾ ਐਲਾਨ ਕੀਤਾ

ਚੰਡੀਗੜ੍ਹ, 3 ਫਰਵਰੀ (ਆਰ ਮੀਡੀਆ)- ਭਾਰਤ ਦੀ ਮੁੱਖ ਇੱਕਲੀ ਸਪਲਾਈ ਚੇਨ ਅਤੇ ਲੌਜਿਸਟਿਕ ਹੱਲ ਪ੍ਰਦਾਤਾ, ਟਰਾਂਸਪੋਰਟ ਕਾਰਪੋਰੇਸ਼ਨ ਆਫ਼ ਇੰਡੀਆ ਲਿਮਿਟੇਡ ਨੇ 31ਦਸੰਬਰ 2022 ਨੂੰ ਖਤਮ ਤੀਜੀ ਤਿਮਾਹੀ ਦੇ ਆਪਣੇ ਵਿੱਤੀ ਨਤੀਜਿਆਂ ਦਾ ਐਲਾਨ ਕੀਤਾ ਇਕੱਲਿਆਂ ਦੇ ਆਧਾਰ @ਤੇ ਮੁੱਖ ਵਿੱਤੀ ਅੰਕੜੇ: ਵਿੱਤੀ ਸਾਲ 2023 ਦੀ ਤੀਜੀ ਤਿਮਾਹੀ ਬਨਾਮ ਵਿੱਤੀ ਸਾਲ 2022 ਦੀ ਤੀਜੀ ਤਿਮਾਹੀ ਓਪਰੇਟਿੰਗ ਮਾਲੀਆ 16% ਦੇ ਸਾਲਾਨਾ ਵਾਧੇ ਦੇ ਨਾਲ 881 ਕਰੋੜ ਰੁਪਏ ਰਿਹਾ ਇਹਨਾਂ ਨਤੀਜਿਆਂ @ਤੇ ਟਿੱਪਣੀ ਕਰਦੇ ਹੋਏ, ਟੀਸੀਆਈ ਦੇ ਮੈਨੇਜਿੰਗ ਡਾਇਰੈਕਟਰ ਵਿਨੀਤ ਅਗਰਵਾਲ ਨੇ ਕਿਹਾ, ÷ਵਿੱਤੀ ਸਾਲ ਦੀ ਤੀਜੀ ਤਿਮਾਹੀ ਵਿੱਚ, ਕੰਪਨੀ ਨੇ ਇੱਕ ਸਥਿਰ ਵੱਡੀ ਆਰਥਿਕ ਸਥਿਤੀ ਵਿੱਚ ਲਗਾਤਾਰ ਵਧੀਆ ਪ੍ਰਦਰਸ਼ਨ ਕੀਤਾ ਹੈ ਸਾਡੇ ਸਾਰੇ ਕਾਰੋਬਾਰੀ ਖੇਤਰਾਂ ਨੇ ਉਮੀਦ ਦੇ ਮੁਤਾਬਿਕ ਤਸੱਲੀਬਖਸ਼ ਨਤੀਜੇ ਦਿੱਤੇ ਹਨ ਮਹਿੰਗਾਈ ਅਤੇ ਕਰਜੇ ਦੀ ਤੰਗੀ ਦੇ ਵਿਚਕਾਰ ਉਦਯੋਗ-ਵਿਆਪੀ ਚੁਣੌਤੀਆਂ @ਤੇ ਸਾਡਾ ਇੱਕ ਸੰਤੁਲਿਤ ਨਜ਼ਰੀਆ ਹੈ ਸਾਨੂੰ ਇੱਕ ਏਕੀਕ੍ਰਿਤ ਮਲਟੀ ਮਾਡਲ ਲੌਜਿਸਟਿਕ ਹੱਲ ਸੰਗਠਨ ਬਣਾਉਣ ਲਈ ਆਪਣੇ ਟੀਚਿਆਂ ਨੂੰ ਹਾਸਿਲ ਕਰਨ ਦਾ ਪੂਰਾ ਭਰੋਸਾ ਹੈ । ਟੀਸੀਆਈ ਵਿੱਚ, ਸਾਡੀ ਮੂਲ ਪ੍ਰਣਾਲੀ ਅਤੇ ਸਾਡੇ ਲੋਕ ਸਾਡੇ ਗਾਹਕਾਂ ਦੀ ਸਫ਼ਲਤਾ ਦੇ ਕੇਂਦਰ ਵਿੱਚ ਹਨ।